# Official Spokesperson's response to media queries on press release by Special Rapporteur on minority issues and the Special Rapporteur on freedom of religion or belief

February 18, 2021

ਘੱ

## ਟ ਗਿਣਤੀਆਂ ਨਾਲ ਜੁੜੇ ਮਸਲਿਆਂ ਦੇ ਵਿਸ਼ੇਸ਼ ਦੂਤ ਅਤੇ ਧਰਮ ਜਾਂ ਅਕੀਦੇ ਦੀ ਆਜ਼ਾਦੀ ਬਾਰੇ ਵਿਸ਼ੇਸ਼ ਦੂਤ ਵੱਲੋਂ ਜਾਰੀ ਪ੍ਰੈਸ ਬਿਆਨ ਬਾਰੇ ਮੀਡੀਆ ਦੇ ਸਵਾਲਾਂ ਦਾ ਅਧਿਕਾਰਿਤ ਬੁਲਾਰੇ ਵੱਲੋਂ ਜਵਾਬ

**18 ਫਰਵਰੀ, 2021**

ਘੱਟ ਗਿਣਤੀਆਂ ਨਾਲ ਜੁੜੇ ਮਸਲਿਆਂ ਦੇ ਵਿਸ਼ੇਸ਼ ਦੂਤ ਅਤੇ ਧਰਮ ਜਾਂ ਅਕੀਦੇ ਦੀ ਆਜ਼ਾਦੀ ਬਾਰੇ ਵਿਸ਼ੇਸ਼ ਦੂਤ ਵੱਲੋਂ ਜਾਰੀ ਪ੍ਰੈਸ ਬਿਆਨ ਬਾਰੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਸ਼੍ਰੀ ਅਨੁਰਾਗ ਸ੍ਰੀਵਾਸਤਵ ਨੇ ਕਿਹਾ:

"ਘੱਟ ਗਿਣਤੀਆਂ ਨਾਲ ਜੁੜੇ ਮਸਲਿਆਂ ਦੇ ਵਿਸ਼ੇਸ਼ ਦੂਤ ਅਤੇ ਧਰਮ ਜਾਂ ਅਕੀਦੇ ਦੀ ਆਜ਼ਾਦੀ ਬਾਰੇ ਵਿਸ਼ੇਸ਼ ਦੂਤ ਵੱਲੋਂ ਅੱਜ ਜੰਮੂ ਅਤੇ ਕਸ਼ਮੀਰ ਬਾਰੇ ਜਾਰੀ ਕੀਤਾ ਗਿਆ ਪ੍ਰੈਸ ਬਿਆਨ ਅਸੀਂ ਪੜ੍ਹਿਆ ਹੈ।

ਅਫ਼ਸੋਸ ਦੀ ਗੱਲ ਕਿ ਵਿਸ਼ੇਸ਼ ਦੂਤਾਂ ਨੇ 10 ਫਰਵਰੀ ਨੂੰ ਆਪਣੀ ਪ੍ਰਸ਼ਨਾਵਲੀ ਸਾਡੇ ਨਾਲ ਸਾਂਝਾ ਕਰਨ ਤੋਂ ਬਾਅਦ ਸਾਡੇ ਜਵਾਬ ਦੀ ਉਡੀਕ ਵੀ ਨਹੀਂ ਕੀਤੀ। ਇਸ ਦੀ ਥਾਂ ਉਨ੍ਹਾਂ ਨੇ ਆਪਣੀਆਂ ਗਲਤ ਧਾਰਨਾਵਾਂ ਮੀਡੀਆ ਵਿੱਚ ਜਾਰੀ ਕਰ ਦਿੱਤੀਆਂ। ਇਹ ਪ੍ਰੈਸ ਬਿਆਨ ਜਾਣਬੁੱਝ ਕੇ ਰਾਜਦੂਤਾਂ ਦੇ ਇੱਕ ਸਮੂਹ ਵੱਲੋਂ ਜੰਮੂ-ਕਸ਼ਮੀਰ ਦੀ ਫੇਰੀ ਕਰਨ ਦੇ ਸਮੇਂ ਦੇ ਨਾਲ ਮੇਲ ਖਾਂਦੇ ਸਮੇਂ 'ਤੇ ਜਾਰੀ ਕੀਤਾ ਗਿਆ ਹੈ।

ਪ੍ਰੈਸ ਬਿਆਨ ਵਿੱਚ ਇਸ ਤੱਥ ਨੂੰ ਅਣਗੌਲਿਆਂ ਕੀਤਾ ਗਿਆ ਹੈ ਕਿ ਜੰਮੂ-ਕਸ਼ਮੀਰ ਭਾਰਤ ਦਾ ਅਟੁੱਟ ਅਤੇ ਅਨਿੱਖੜਵਾਂ ਅੰਗ ਹੈ ਅਤੇ ਜੰਮੂ-ਕਸ਼ਮੀਰ ਰਾਜ ਦਾ ਦਰਜਾ ਬਦਲ ਕੇ ਇਸਨੂੰ ਭਾਰਤੀ ਕੇਂਦਰ ਸ਼ਾਸਤ ਪ੍ਰਦੇਸ਼ ਬਣਾਉਣ ਬਾਰੇ 5 ਅਗਸਤ, 2019 ਦਾ ਫੈਸਲਾ ਸੰਸਦ ਨੇ ਲਿਆ ਸੀ।

ਇਹ ਪ੍ਰੈਸ ਬਿਆਨ ਦਹਾਕਿਆਂ ਦੇ ਵਿਤਕਰੇ ਨੂੰ ਖਤਮ ਕਰਨ, ਜ਼ਿਲ੍ਹਾ ਵਿਕਾਸ ਪਰਿਸ਼ਦ ਦੀਆਂ ਸਥਾਨਕ ਚੋਣਾਂ ਦੇ ਸਫਲ ਸੰਚਾਲਨ ਰਾਹੀਂ ਜ਼ਮੀਨੀ ਪੱਧਰ 'ਤੇ ਲੋਕਤੰਤਰ ਨੂੰ ਮਜ਼ਬੂਤ ਕਰਨ ਅਤੇ ਪੇਂਡੂ ਪ੍ਰੋਗਰਾਮਾਂ ਰਾਹੀਂ ਚੰਗਾ ਪ੍ਰਸ਼ਾਸਨ ਯਕੀਨੀ ਬਣਾਉਣ ਦੇ ਉਦੇਸ਼ਾਂ ਨੂੰ ਧਿਆਨ ਵਿਚ ਰੱਖ ਕੇ ਚੁੱਕੇ ਗਏ ਕਦਮਾਂ ਵੱਲ ਧਿਆਨ ਦੇਣ ਵਿਚ ਨਾਕਾਮ ਰਿਹਾ ਹੈ। ਇਸ ਪ੍ਰੈਸ ਬਿਆਨ ਵਿੱਚ ਬਾਕੀ ਸਾਰੇ ਭਾਰਤ ਵਿੱਚ ਲਾਗੂ ਕਾਨੂੰਨਾਂ ਨੂੰ ਜੰਮੂ-ਕਸ਼ਮੀਰ ਵਿੱਚ ਲਾਗੂ ਕਰਨ, ਜਿਸ ਨਾਲ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਭਾਰਤ ਦੇ ਹੋਰਨਾਂ ਹਿੱਸਿਆਂ ਵਿੱਚ ਲੋਕਾਂ ਨੂੰ ਹਾਸਲ ਅਧਿਕਾਰ ਮਿਲੇ ਹਨ, ਦੇ ਸਕਾਰਾਤਮਕ ਅਸਰਾਂ ਨੂੰ ਅੱਖੋਂ ਪਰੇ ਕੀਤਾ ਗਿਆ ਹੈ।

ਜਿੱਥੋਂ ਤੱਕ ਜਨਸੰਖਿਆ ਅੰਦਰ ਤਬਦੀਲੀ ਬਾਰੇ ਚਿੰਤਾਵਾਂ ਦੀ ਗੱਲ ਹੈ, ਜੰਮੂ ਕਸ਼ਮੀਰ ਵਿੱਚ ਜ਼ਿਆਦਾਤਰ ਨਿਵਾਸ ਪ੍ਰਮਾਣ ਪੱਤਰ ਉਨ੍ਹਾਂ ਲੋਕਾਂ ਨੂੰ ਜਾਰੀ ਕੀਤਾ ਜਾਣਾ, ਜੋ ਪਹਿਲਾਂ ਸਥਾਈ ਨਿਵਾਸੀ ਸਰਟੀਫਿਕੇਟ (PRC) ਧਾਰਕ ਸਨ, ਦੱਸਦਾ ਹੈ ਕਿ ਇਹ ਡਰ ਬੇਬੁਨਿਆਦ ਅਤੇ ਆਧਾਰਹੀਨ ਹਨ।

ਇਸ ਪ੍ਰੈਸ ਬਿਆਨ ਨਾਲ ਮਨੁੱਖੀ ਅਧਿਕਾਰ ਪਰਿਸ਼ਦ ਦੁਆਰਾ ਵਿਸ਼ੇਸ਼ ਦੂਤਾਂ ਲਈ ਨਿਰਧਾਰਤ ਨਿਰਪੱਖਤਾ ਅਤੇ ਗੈਰ- ਪੱਖਪਾਤ ਦੇ ਸਿਧਾਂਤਾਂ 'ਤੇ ਵੀ ਸਵਾਲੀਆ ਨਿਸ਼ਾਨ ਖੜਾ ਹੋ ਗਿਆ ਹੈ।

ਅਸੀਂ ਵਿਸ਼ੇਸ਼ ਦੂਤਾਂ ਤੋਂ ਜਲਦਬਾਜ਼ੀ ਵਿਚ ਕਿਸੇ ਨਤੀਜੇ 'ਤੇ ਪਹੁੰਚਣ ਅਤੇ ਪ੍ਰੈਸ ਬਿਆਨ ਜਾਰੀ ਕਰਨ ਤੋਂ ਪਹਿਲਾਂ ਉਨ੍ਹਾਂ ਵੱਲੋਂ ਵਿਚਾਰ ਅਧੀਨ ਮੁੱਦਿਆਂ ਦੀ ਚੰਗੇਰੀ ਸਮਝ ਵਿਕਸਿਤ ਕਰਨ ਦੀ ਆਸ ਕਰਦੇ ਹਾਂ।"

ਨਵੀਂ ਦਿਲੀ

18 ਫਰਵਰੀ, 2021

DISCLAIMER: This is an approximate translation. The original is available in English on MEA's website and may be referred to as the official press release.